ਪਿੱਠ ਅੰਕਣ ਨੰ: 1945-46 ਮਿਤੀ 20/07/22

ਇੰਨ-ਪ੍ਰਿੰਸੀਪਲ ਪ੍ਰਵਾਨਗੀ ਵਾਲੇ ਪੱਤਰ ਦੀ ਨਕਲ:-

1) ਵਣ ਰੇਂਜ ਅਫਸਰ, ਹੁਸ਼ਿਆਰਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਇੰਨ-ਪ੍ਰਿੰਸੀਪਲ ਪ੍ਰਵਾਨਗੀ ਵਿੱਚ ਦਰਸਾਈਆਂ ਸ਼ਰਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਅਤੇ ਯੂਜਰ ਏਜੰਸੀ ਪਾਸੋਂ ਕਰਵਾਉਣੀ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ ਵਧੀਕ ਪ੍ਰਧਾਨ ਮੁੱਖ ਵਣ ਪਾਲ (ਐੱਫ.ਸੀ.) ਅਤੇ ਨੋਡਲ ਅਫਸਰ (ਐੱਫ.ਸੀ.ਏ.) ਜੀ ਵੱਲੋਂ ਦਿੱਤੇ ਆਦੇਸ਼ਾਂ ਅਨੁਸਾਰ ਵਿਸ਼ੇ ਸਬੰਧੀ ਕੇਸ ਵਿੱਚ ਯੂਜਰ ਏਜੰਸੀ ਵੱਲੋਂ ਭਾਰਤ ਸਰਕਾਰ/ਰਾਜ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ ਗਾਈਡ ਲਾਈਨਜ, ਐਕਟਸ, ਰੂਲਜ, ਰੈਗੂਲੇਸ਼ਨ ਅਤੇ ਸਰਕੂਲਰਜ ਆਦਿ ਦੀ ਉਲੰਘਣਾ ਬਾਰੇ ਲੋੜੀਂਦਾ ਸਰਟੀਫਿਕੇਟ ਤੁਰੰਤ ਇਸ ਦਫਤਰ ਨੂੰ ਭੇਜਿਆ ਜਾਵੇ ਤਾਂ ਜੋ ਉਸ ਅਨੁਸਾਰ ਮੁਕੰਮਲ ਰਿਪੋਰਟ ਉੱਚ-ਅਧਿਕਾਰੀਆਂ ਨੂੰ ਭੇਜੀ ਜਾ ਸਕੇ। ਇਹ ਸਪੱਸ਼ਟ ਲਿਖਿਆ ਜਾਂਦਾ ਹੈ ਕਿ ਯੂਜਰ ਏਜੰਸੀ ਨੂੰ ਬਿਨ੍ਹਾਂ ਐੱਫ.ਸੀ.ਏ. 1980 ਤਹਿਤ ਪ੍ਰਵਾਨਗੀ ਤੋਂ ਵਣ ਰਕਬਾ ਗੈਰ ਵਣ ਮੰਤਵ ਲਈ ਵਰਤਣ ਨਾ ਦਿੱਤਾ ਜਾਵੇ।

2) **Hindustan Petroleum Corporation Ltd., Jalandhar Retail Regional Office, Suchi Pind, Bye Pass Road, Jalandhar-144009** (Email:- komalsahil12356@gmail.com) (Contact No. 8942873187) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇੰਨ-ਪ੍ਰਿੰਸੀਪਲ ਪ੍ਰਵਾਨਗੀ ਵਾਲੇ ਪੱਤਰ ਦੀਆਂ ਹਦਾਇਤਾਂ ਵਿੱਚ ਦਰਸਾਈਆਂ ਸਾਰੀਆਂ ਸ਼ਰਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਇਨ੍ਹਾਂ ਸ਼ਰਤਾਂ ਨੂੰ ਮੱਦੇ ਨਜਰ ਰੱਖਦੇ ਹੋਏ ਹੇਠ ਲਿਖੇ ਅਨੁਸਾਰ ਰਕਮ **www.parivesh.nic.in** ਵੈੱਬਸਾਈਟ ਤੇ ਲਾਗਇੰਨ ਕਰਕੇ ਡਿਮਾਂਡ ਲੈਟਰ ਅਪਲੋਡ ਕੀਤਾ ਜਾਵੇ ਅਤੇ ਨੋਡਲ ਅਫਸਰ ਜੀ ਦੇ ਦਫਤਰ ਵੱਲੋਂ ਵੈਰੀਫਾਈ ਕਰਨ ਉਪਰੰਤ ਚਲਾਨ ਜਨਰੇਟ ਕਰਕੇ **Receipt Challan/NEFT,RTGS** ਰਾਹੀਂ ਆਨਲਾਇਨ ਪੰਜਾਬ ਕੈਂਪਾ ਦੇ ਖਾਤੇ ਵਿੱਚ ਜਮ੍ਹਾਂ ਕਰਵਾਈ ਜਾਵੇ ਅਤੇ ਤਸਦੀਕਸ਼ੁਦਾ ਚਲਾਨ ਆਨਲਾਇਨ ਅਪਲੋਡ ਕਰਕੇ ਇਸ ਦਫਤਰ ਨੂੰ ਭੇਜਿਆ ਜਾਵੇ। ਫੀਸਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਇੰਨ-ਪ੍ਰਿੰਸੀਪਲ ਪ੍ਰਵਾਨਗੀ ਦੀ ਸ਼ਰਤ ਪੈਰ੍ਹਾ 1 ਦੇ ਲੜੀ ਨੰ: i) ਤੋਂ iii) ਤੱਕ ਅਨੁਸਾਰ ਜਮ੍ਹਾਂ ਹੋਣਯੋਗ ਫੀਸਾਂ ਦਾ ਵੇਰਵਾ | ਰਕਮ |
|---|---|---|
| 1 | Compensatory Afforestation | 56947-00 |
| 2 | Net Present Value of Diverted Land | 5747-00 |
| | **Grand Total (1+2)** | **62694-00** |

**ਲੜੀ ਨੰ: iv** ਤੇ ਦਰਸਾਈ ਸ਼ਰਤ ਦੀ ਪਾਲਣਾ ਸਬੰਧੀ ਇਸ ਦਫਤਰ ਦੇ ਪਿੱਠ ਅੰਕਣ ਨੰ: 141 ਮਿਤੀ 19-04-2022 ਦੇ ਹਵਾਲੇ ਵਿੱਚ ਭੇਜ਼ ਕੇ ਮੁੜ ਲਿਖਿਆ ਜਾਂਦਾ ਹੈ ਕਿ ਐੱਫ.ਆਰ.ਏ. 2006 ਸਰਟੀਫਿਕੇਟ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਜੀ ਪਾਸੋਂ ਪ੍ਰਾਪਤ ਕਰਕੇ ਸਬਮਿੱਟ ਕੀਤਾ ਜਾਵੇ।

**ਲੜੀ ਨੰ: v** ਤੇ ਦਰਸਾਈ ਸ਼ਰਤ ਦੀ ਪਾਲਣਾ ਸਬੰਧੀ ਪੰਜਾਬ ਸਰਕਾਰ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ (ਵਣ ਸ਼ਾਖਾ) ਜੀ ਦੇ ਨੋਟੀਫਿਕੇਸ਼ਨ ਨੰ: **Forest-12/6/2020 FCA/3020 Chandigarh** ਮਿਤੀ 07-07-2021 ਅਤੇ ਪੱਤਰ ਨੰ: **Forest 12/6/2020 FCA/4033** ਮਿਤੀ 23-07-2021 ਨਾਲ ਦਿੱਤੀਆਂ ਹਦਾਇਤਾਂ ਮੁਤਾਬਿਕ, ਆਪ ਵੱਲੋਂ ਦਿੱਤੀ ਗਈ ਨਾਨ ਫਾਰੇਸਟ ਲੈਂਡ ਦੀ ਅੰਡਰਟੇਕਿੰਗ ਅਨੁਸਾਰ ਪ੍ਰਭਾਵਿਤ/ਡਾਇਵਰਟ ਹੋਣ ਵਾਲੇ ਵਣ ਰਕਬੇ ਦੇ ਬਰਾਬਰ ਦੀ ਗੈਰ-ਵਣ ਭੂਮੀ ਵਣ ਵਿਭਾਗ ਦੇ ਨਾਮ ਤੇ ਕਰਵਾਈ ਜਾਣੀ ਹੈ। ਇਸ ਲਈ ਆਪ ਵੱਲੋਂ ਵਣ ਵਿਭਾਗ ਦੇ ਨਾਮ ਤੇ ਮੁਹੱਈਆ ਕਰਵਾਈ ਜਾਣ ਵਾਲੀ ਸਬੰਧਤ ਜਮੀਨ ਬਾਰੇ ਪਿੰਡ ਦਾ ਨਾਂ, ਹੱਦਬਸਤ ਨੰਬਰ ਅਤੇ ਖਸਰਾ ਨੰਬਰ ਦਾ ਵੇਰਵਾ ਦਰਸਾਉਂਦੀ ਦਰਖਾਸਤ ਸਮੇਤ ਫਰਦ ਜਮ੍ਹਾਂਬੰਦੀ, ਅਕਸ ਸ਼ਿਜਰਾ ਆਦਿ ਦਸਤਾਵੇਜ਼ ਇਸ ਦਫਤਰ ਵਿਖੇ ਸਬਮਿੱਟ ਕੀਤੇ ਜਾਣ ਤਾਂ ਜ਼ੋ ਨਾਨ ਫਾਰੈਸਟ ਲੈਂਡ ਨਾਲ ਸਬੰਧਤ ਵਣ ਰੇਂਜ ਅਫਸਰ ਨੂੰ ਉਕਤ ਜਮੀਨ ਦੀ ਵੈਰੀਫਿਕੇਸ਼ਨ ਆਦਿ ਲਈ ਲਿਖਿਆ ਜਾ ਸਕੇ।

ਇਸ ਤੋਂ ਇਲਾਵਾ ਵਧੀਕ ਪ੍ਰਧਾਨ ਮੁੱਖ ਵਣ ਪਾਲ (ਐੱਫ.ਸੀ.) ਅਤੇ ਨੋਡਲ ਅਫਸਰ (ਐੱਫ.ਸੀ.ਏ.), ਪੰਜਾਬ, ਐੱਸ.ਏ.ਐੱਸ. ਨਗਰ ਜੀ ਵੱਲੋਂ ਪੱਤਰ ਨੰ: ਐੱਫ.ਸੀ.ਏ. 1980/4424-40 ਮਿਤੀ 22-11-2018 ਨਾਲ ਦਿੱਤੇ ਆਦੇਸ਼ਾਂ ਅਨੁਸਾਰ ਸਰਟੀਫਿਕੇਟ (ਕਾਪੀ ਨੱਥੀ) ਵੀ ਸਬਮਿੱਟ ਕੀਤਾ ਜਾਵੇ ਤਾਂ ਜੋ ਕੇਸ ਤੇ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਇਹ ਵੀ ਸਪੱਸ਼ਟ ਲਿਖਿਆ ਜਾਂਦਾ ਹੈ ਕਿ ਐੱਫ.ਸੀ.ਏ. 1980 ਤਹਿਤ ਪ੍ਰਵਾਨਗੀ ਤੋਂ ਬਿਨ੍ਹਾਂ ਵਣ ਰਕਬਾ ਗੈਰ ਵਣ ਮੰਤਵ ਲਈ ਨਾ ਵਰਤਿਆ ਜਾਵੇ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

Scanned with CamScanner